**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**
**(S.S.S. Board, Punjab)**
**ਵਣ ਕੰਪਲੈਕਸ, ਸੈਕਟਰ-68, ਐਸ.ਏ.ਐਸ. ਨਗਰ (ਮੋਹਾਲੀ)**

## ਜਨਤਕ ਸੂਚਨਾ

ਇਸ਼ਤਿਹਾਰ ਨੰ: 04 ਆਫ 2015 ਅਧੀਨ ਕਲਰਕ ਅਤੇ ਕਲਰਕ-ਕਮ-ਡਾਟਾ ਐਂਟਰੀ ਅਪਰੇਟਰ ਦੀਆਂ ਪ੍ਰਕਾਸ਼ਿਤ ਆਸਾਮੀਆਂ ਸਬੰਧੀ ਉਮੀਦਵਾਰਾਂ ਦਾ ਪੰਜਾਬੀ ਅਤੇ ਅੰਗਰੇਜੀ ਕੁਆਲੀਫਾਇੰਗ ਟਾਈਪ ਟੈਸਟ ਮਿਤੀ 23/05/2016 ਤੋਂ 20/06/2016 ਤੱਕ ਲਿਆ ਗਿਆ ਸੀ ਅਤੇ ਇਸ ਟੈਸਟ ਵਿਚ ਸਫਲ ਉਮੀਦਵਾਰਾਂ ਦੀ ਸੂਚੀ ਬੋਰਡ ਦੀ ਵੈਬਸਾਈਟ www.punjabsssb.gov.in ਤੇ ਸੂਚਨਾ ਲਈ ਅਪਲੋਡ ਕਰ ਦਿੱਤੀ ਗਈ ਸੀ। ਇਸ ਟਾਈਪ ਟੈਸਟ ਵਿਚ ਅਪੀਅਰ ਹੋਏ ਉਮੀਦਵਾਰਾਂ ਵੱਲੋਂ ਆਪਣੇ ਟਾਈਪ ਟੈਸਟ ਦੀਆਂ ਉੱਤਰ-ਪੱਤਰੀਆਂ ਪ੍ਰਾਪਤ ਕਰਨ ਲਈ ਬੋਰਡ ਨੂੰ ਪ੍ਰਤੀਬੇਨਤੀਆਂ ਦਿੱਤੀਆਂ ਜਾ ਰਹੀਆਂ ਹਨ। ਬੋਰਡ ਦੇ ਦਫਤਰ ਦੇ ਕੰਮ ਦੀ ਮਹੱਤਤਾ ਅਤੇ ਉਮੀਦਵਾਰਾਂ ਦੀ ਸਹੂਲਤ ਨੂੰ ਧਿਆਨ ਵਿਚ ਰੱਖਦੇ ਹੋਏ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਉਮੀਦਵਾਰਾਂ ਨੇ ਟਾਈਪ ਟੈਸਟ ਦੀਆਂ ਉੱਤਰ ਪੱਤਰੀਆਂ ਪ੍ਰਾਪਤ ਕਰਨੀਆਂ ਹਨ, ਉਹ ਕੰਮ ਵਾਲੇ ਦਿਨ ਸਵੇਰੇ 11.00 ਵਜੇ ਤੋਂ ਬਾਅਦ ਦੁਪਹਿਰ 03.00 ਵਜੇ ਤੱਕ ਬੋਰਡ ਦੇ ਦਫਤਰ ਵਿਖੇ ਪ੍ਰਤੀਬੇਨਤੀ ਦੇ ਕੇ ਪ੍ਰਾਪਤ ਕਰ ਸਕਦੇ ਹਨ। ਜੇਕਰ ਕਿਸੇ ਉਮੀਦਵਾਰ ਨੂੰ ਉਸ ਦੀ ਉੱਤਰ ਪੱਤਰੀ ਵਿਚ ਕਿਸੇ ਕਿਸਮ ਦੀ ਤਰੁੱਟੀ ਲੱਗੇ ਜਾਂ ਕੋਈ ਇਤਰਾਜ ਹੋਵੇ ਤਾਂ ਉਹ ਮਿਤੀ 08/07/2016 ਤੋਂ ਪਹਿਲਾਂ ਪਹਿਲਾਂ ਆਪਣੀ ਪ੍ਰਤੀਬੇਨਤੀ ਬੋਰਡ ਦੇ ਦਫਤਰ ਵਿਖੇ ਪੇਸ਼ ਕਰੇ ਤਾਂ ਜੋ ਉਸ ਦੇ ਇਤਰਾਜ/ਤਰੁੱਟੀ ਸਬੰਧੀ ਬੋਰਡ ਵੱਲੋਂ ਢੁੱਕਵਾਂ ਫੈਸਲਾ ਲਿਆ ਜਾ ਸਕੇ। ਉੱਤਰ ਪੱਤਰੀਆਂ ਪ੍ਰਾਪਤ ਕਰਨ ਲਈ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਉੱਤਰ ਪੱਤਰੀ ਪ੍ਰਾਪਤ ਕਰਨ ਦੀ ਮਿਤੀ | ਉਮੀਦਵਾਰ ਜਿਨ੍ਹਾਂ ਦੇ ਰੋਲ ਨੰਬਰ ਦੇ ਆਖਰੀ 5 ਅੰਕਾਂ ਦੀ ਤਰਤੀਬ ਹੇਠ ਦਰਸਾਏ ਅਨੁਸਾਰ ਹੋਵੇ। |
|---|---|---|
| 1. | 29/06/2016 | 00001 ਤੋਂ 16000 ਤੱਕ |
| 2. | 30/06/2016 | 16001 ਤੋਂ 32000 ਤੱਕ |
| 3. | 01/07/2016 | 32001 ਤੋਂ 48000 ਤੱਕ |
| 4. | 04/07/2016 | 48001 ਤੋਂ 64000 ਤੱਕ |
| 5. | 05/07/2016 | 64000 ਤੋਂ ਬਾਅਦ ਦੇ ਸਾਰੇ |

ਸਹੀ/-

ਮਿਤੀ: 28/06/2016

ਸਕੱਤਰ
ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।